# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕੰਟਰੋਲਰ (ਪ੍ਰੀਖਿਆਵਾਂ) ਦਫਤਰ


ਨੰ. 6068 /ਸੀ.ਓ.ਈ.

ਮਿਤੀ 21/06/2023

## ਜ਼ਰੂਰੀ ਸੂਚਨਾ

ਮਈ, 2020 ਤੋਂ ਦਸੰਬਰ, 2021 ਤੱਕ ਕਰੋਨਾ ਮਹਾਂਮਾਰੀ ਕਾਰਨ ਸਰਕਾਰ ਵੱਲੋਂ ਯੂਨੀਵਰਸਿਟੀ ਪ੍ਰੀਖਿਆਵਾਂ ਆਨਲਾਈਨ ਮੋਡ ਵਿੱਚ ਕੰਡਕਟ ਕਰਵਾਉਣ ਦੇ ਹੁਕਮ ਜਾਰੀ ਕੀਤੇ ਸਨ। ਇਸ ਸਮੇਂ ਦੌਰਾਨ ਯੂਨੀਵਰਸਿਟੀ ਵੱਲੋਂ ਵੱਖ-ਵੱਖ ਕੋਰਸਾਂ ਦੀਆਂ ਪ੍ਰੀਖਿਆਵਾਂ ਆਨਲਾਈਨ ਮੋਡ ਵਿੱਚ ਕੰਡਕਟ ਕਰਵਾਈਆਂ ਗਈਆਂ। ਵਿਦਿਆਰਥੀਆਂ ਨੇ ਪੇਪਰ ਹੱਲ ਕਰਨ ਉਪਰੰਤ ਪੀ.ਡੀ.ਐਫ. ਫਾਇਲ ਤਿਆਰ ਕਰਕੇ ਈਮੇਲ ਜਾਂ ਨੇੜੇ ਦੇ ਕਾਲਜ ਵਿੱਚ ਹਾਰਡ ਕਾਪੀ ਦਸਤੀ ਜਮ੍ਹਾਂ ਕਰਵਾਉਣੀ ਸੀ ਜਾਂ ਡਾਕ ਰਾਹੀਂ ਯੂਨੀਵਰਸਿਟੀ ਭੇਜ ਸਕਦੇ ਸਨ। ਕਰੋਨਾ ਕਾਰਨ ਡਾਕ ਸੇਵਾਵਾਂ, ਇੰਟਰਨੈੱਟ ਸੇਵਾਵਾਂ ਦੀ ਵਰਕਿੰਗ ਵੀ ਪ੍ਰਭਾਵਿਤ ਸੀ। ਜਿਸ ਕਰਕੇ ਬਹੁਤ ਸਾਰੇ ਵਿਦਿਆਰਥੀਆਂ ਦੀਆਂ ਉੱਤਰ ਕਾਪੀਆਂ ਯੂਨੀਵਰਸਿਟੀ ਵਿਖੇ ਨਹੀਂ ਪਹੁੰਚ ਸਕੀਆਂ। ਵਿਦਿਆਰਥੀਆਂ ਵੱਲੋਂ ਸਬੂਤਾਂ ਦੇ ਆਧਾਰ ਤੇ ਨਤੀਜਿਆਂ ਦੀ ਮੰਗ ਕੀਤੀ ਜਾਂਦੀ ਹੈ। ਵਿਦਿਆਰਥੀਆਂ ਵੱਲੋਂ ਹੱਲ ਕੀਤੀਆਂ ਉੱਤਰ-ਕਾਪੀਆਂ ਸਬੰਧਤ ਵਿਭਾਗ ਵਿਚ ਜਮ੍ਹਾਂ ਕਰਵਾਈਆਂ ਗਈਆਂ ਸਨ, ਉਹ ਵਿਦਿਆਰਥੀ ਪ੍ਰੀਖਿਆ ਫੀਸਾਂ ਦਾ ਭੁਗਤਾਨ ਸਮੇਂ-ਸਿਰ ਕਰਨ ਕਰਕੇ ਨਤੀਜਿਆਂ ਦੀ ਮੰਗ ਕਰਦੇ ਹਨ। ਕਮੇਟੀ ਦੇ ਫੈਸਲੇ ਅਨੁਸਰ ਜਿਨਾਂ ਵਿਦਿਆਰਥੀਆਂ ਦੇ ਪੰਜਾਂ ਪੇਪਰਾਂ ਵਿਚੋਂ ਇੱਕ ਜਾਂ ਦੋ ਪੇਪਰ ਟਰੇਸ ਨਹੀਂ ਹੋਏ, ਉਹਨਾਂ ਦਾ ਨਤੀਜਾ ਪ੍ਰਾਪਤ ਹੋਏ ਪੇਪਰਾਂ ਦੇ ਅੰਕਾਂ ਦੀ ਐਵਰੇਜ਼ ਦੇ ਅਧਾਰ ਤੇ ਨਤੀਜਾ ਘੋਸ਼ਿਤ ਕਰ ਦਿੱਤਾ ਜਾਵੇ। ਡਿਸਟੈਂਸ ਐਜੂਕੇਸ਼ਨ ਦੇ ਵਿਦਿਆਰਥੀਆਂ ਬਾਰੇ ਕਮੇਟੀ ਨੇ ਇਹ ਫੈਸਲਾ ਕੀਤਾ ਕਿ ਜਿਨ੍ਹਾਂ ਦੇ ਦੋ ਪੇਪਰਾਂ ਤੋਂ ਵੱਧ ਪੇਪਰ ਟਰੇਸ ਨਹੀਂ ਹੋਏ, ਉਹਨਾਂ ਦਾ ਨਤੀਜਾ ਸਬੰਧਤ ਵਿਭਾਗ ਵੱਲੋਂ ਹਾਊਸ ਟੈਸਟ ਦੇ ਆਧਾਰ ਤੇ ਅੰਕ ਕੰਟਰੋਲਰ ਪ੍ਰੀਖਿਆਵਾਂ ਨੂੰ ਭੇਜੇ ਜਾਣ ਤਾਂ ਜੋ ਉਨਾਂ ਵਿਦਿਆਰਥੀਆਂ ਦੇ ਨਤੀਜੇ ਘੋਸ਼ਿਤ ਕੀਤੇ ਜਾ ਸਕਣ।

ਕੰਟਰੋਲਰ (ਪ੍ਰੀਖਿਆਵਾਂ)